ਪੰਜਾਬੀ ਵਿਭਾਗ

- ਭਾਸ਼ਾ ਦਾ ਮੂਲ ਆਧਾਰ ਮਾਂ ਬੋਲੀ ਹੈ, ਜੇ ਕਿਸੇ ਵਿਅਕਤੀ ਨੂੰ ਮਾਤ ਭਾਸ਼ਾ ਦਾ ਡੂੰਘਾ ਗਿਆਨ ਨਹੀਂ ਹੁੰਦਾ ਤਾਂ ਉਸਦੇ ਵਧਣ -ਫੁੱਲਣ ਦੇ ਆਸਾਰ ਘੱਟ ਹੋ ਜਾਂਦੇ ਹਨ।ਇਸੇ ਮਨੋਰਥ ਅਧੀਨ ਹੀ ਪੰਜਾਬੀ ਵਿਭਾਗ ਸਾਲ 2016 ਤੋਂ ਐਮ.ਫਿਲ. ਪੰਜਾਬੀ ਦਾ ਕੋਰਸ ਕਰਵਾ ਰਿਹਾ ਹੈ। ਇਹ ਕੋਰਸ ਪੰਜਾਬੀ ਭਾਸ਼ਾ ਨਾਲ ਜੁੜੀ ਪਹਿਚਾਣ, ਪੰਜਾਬੀ ਸਾਹਿਤ ਅਤੇ ਸਭਿਆਚਾਰ ਵਿੱਚ ਪੇਸ਼ ਗਿਆਨ ਅਤੇ ਵਿਚਾਰਧਾਰਾ ਨੂੰ ਪੁਖਤਾ ਕਰਦਾ ਹੋਇਆ, ਵਿਦਿਆਰਥੀਆਂ ਨੂੰ ਜ਼ਿੰਦਗੀ ਅਤੇ ਸਾਹਿਤ, ਦੋਵਾਂ ਨੂੰ ਦੇਖਣ ਅਤੇ ਪਰਖਣ ਦਾ ਵਿਸ਼ਵ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।ਇਸ ਰਾਹੀਂ ਇਹ ਸੁਨਿਸ਼ਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਖੋਜ ਦੀ ਪ੍ਰਕਿਰਤੀ, ਪ੍ਰਕਾਰਜ, ਮਹੱਤਵ ਅਤੇ ਖੋਜ ਕਰਨ ਦੇ ਸਮੁੱਚੇ ਪ੍ਰਕਾਰਜ ਤੋਂ ਜਾਣੂ ਹੋ ਸਕਣ।ਇਸ ਕੋਰਸ ਰਾਹੀਂ ਵਿਦਿਆਰਥੀ ਨੂੰ ਖੋਜ ਦੇ ਖੇਤਰ ਵਿੱਚ ਵਰਤੇ ਜਾਂਦੇ ਪਰੰਪਰਾਗਤ ਅਤੇ ਆਧੁਨਿਕ ਢੰਗਾਂ, ਸੰਦਾਂ, ਆਧੁਨਿਕ ਤਕਨੌਲਜੀ ਦੀ ਵਰਤੋਂ ਅਤੇ ਮਹੱਤਵ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਖੋਜ ਵਿੱਚ ਮੁੱਢ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਇਤਿਹਾਸਕ ਕ੍ਰਮ ਅਨੁਸਾਰ ਵਰਤੀਆਂ ਗਈਆਂ ਅਤੇ ਵਰਤੀਆਂ ਜਾ ਸਕਣ ਵਾਲੀਆਂ ਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਦੀ ਹੈ।ਇਹ ਕੋਰਸ ਇਸ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਵਿਦਿਆਰਥੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਨੂੰ ਸਮਝ ਕੇ ਉਹਨਾਂ ਦਾ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਅਧਿਐਨ ਕਰਕੇ ਵਿਭਿੰਨ ਖੇਤਰਾਂ ਵਿਚ ਖੋਜ ਦੇ ਉਚੇਰੇ ਮਿਆਰ ਨੂੰ ਹਾਸਲ ਕਰਨ ਦੇ ਨਾਲ ਨਾਲ ਰੁਜ਼ਗਾਰ ਪ੍ਰਾਪਤ ਕਰ ਸਕੇ।

Programme Specific Outcome (Pso)

ਐਮ.ਫਿਲ. ਪੰਜਾਬੀ

ਇਸ ਕੋਰਸ ਰਾਹੀਂ ਵਿਦਿਆਰਥੀ ਖੋਜ ਦੀ ਪ੍ਰਕਿਰਤੀ, ਪ੍ਰਕਾਰਜ, ਮਹੱਤਵ ਅਤੇ ਖੋਜ ਕਰਨ ਦੇ ਸਮੁੱਚੇ ਪ੍ਰਕਾਰਜ ਤੋਂ ਜਾਣੂ ਹੋ ਸਕਦਾ ਹੈ ਤੇ ਉਹ ਖੋਜ ਦੇ ਖੇਤਰ ਵਿੱਚ ਵਰਤੇ ਜਾਂਦੇ ਪਰੰਪਰਾਗਤ ਅਤੇ ਆਧੁਨਿਕ ਢੰਗਾਂ, ਸੰਦਾਂ, ਆਧੁਨਿਕ ਤਕਨਾਲੋਜੀ ਦੀ ਵਰਤੋ ਸਬੰਧੀ ਜਾਣਕਾਰੀ ਲੈ ਸਕਦਾ ਹੈ।ਇਸ ਕੋਰਸ ਰਾਹੀਂ ਵਿਦਿਆਰਥੀ ਪੰਜਾਬੀ ਸਾਹਿਤ ਦੇ ਦਾਰਸ਼ਨਿਕ ਪਿਛੋਕੜ, ਸਾਹਿਤ ਅਧਿਐਨ ਦੀਆਂ ਮੁੱਖ ਆਲੋਚਨਾਤਮਕ ਵਿਧੀਆਂ, ਸਾਹਿਤ ਦੇ ਵੱਖ ਵੱਖ ਰੂਪਾਕਾਰਾਂ ਤੇ ਇਹਨਾਂ ਦੇ ਸਿਧਾਂਤਕ ਪੱਖਾਂ ਅਤੇ ਇਹਨਾਂ ਵਿੱਚ ਇਤਿਹਾਸਕ ਕਰਮ ਅਨੁਸਾਰ ਆਏ ਰੂਪਾਂਤਰਣ, ਪੰਜਾਬੀ ਭਾਸ਼ਾ, ਵਿਆਕਰਣ, ਕੋਸ਼ਕਾਰੀ, ਲੋਕਧਾਰਾ ਅਤੇ ਸਭਿਆਚਾਰ ਸੰਬੰਧੀ ਹੁਣ ਤੱਕ ਹੋਈ ਖੋਜ, ਅਧਿਐਨ ਦੀਆਂ ਵਿਧੀਆਂ, ਖੋਜ ਕਰਨ ਦੇ ਢੰਗਾਂ, ਖੋਜ ਖੇਤਰ ਵਿੱਚ ਹੁਣ ਤੱਕ ਹੋਏ ਕੰਮ, ਇਸ ਵਿੱਚ ਮੁੱਢ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਇਤਿਹਾਸਕ ਕ੍ਰਮ ਅਨੁਸਾਰ ਵਰਤੀਆਂ ਗਈਆਂ ਅਤੇ ਵਰਤੀਆਂ ਜਾ ਸਕਣ ਵਾਲੀਆਂ ਵਿਧੀਆਂ ਅਤੇ ਅਲੋਚਨਾ ਪ੍ਰਣਾਲੀਆਂ ਦਾ ਗਿਆਨ ਹਾਸਿਲ ਕਰਕੇ ਭਾਸ਼ਾ, ਸਾਹਿਤ, ਲੋਕਧਾਰਾ ਅਤੇ ਸਭਿਆਚਾਰ ਆਦਿ ਅੰਦਰ ਲੁਕੀਆਂ ਗਹਿਰੀਆਂ ਪਰਤਾਂ ਨੂੰ ਫਰੋਲਣ, ਸਮਝਣ ਅਤੇ ਵੱਖ-ਵੱਖ ਖੇਤਰਾਂ ਵਿੱਚ ਤੁਲਨਾਤਮਕ ਅਧਿਐਨ ਕਰਨ ਆਦਿ ਬਾਰੇ ਜਾਣੂ ਹੋ ਕੇ ਖੋਜ ਨਿਬੰਧ ਲਿਖਣ ਦੀ ਸਮਰੱਥਾ ਹਾਸਲ ਕਰ ਲਵੇਗਾ।

Course Outcome (CO)

ਪੇਪਰ ਪਹਿਲਾ: ਖੋਜ ਵਿਧੀ

- ਵਿਦਿਆਰਥੀ ਖੋਜ ਦੀ ਪ੍ਰਕਿਰਤੀ ਮਹੱਤਵ ਤੇ ਪ੍ਰਕਾਜ ਤੋਂ ਜਾਣੂ ਹੋਇਆ।

- ਵਿਦਿਆਰਥੀ ਖੋਜ ਦੀ ਸਮੁੱਚੀ ਪ੍ਰਕਿਰਿਆ ਅਤੇ ਖੋਜ ਵਿੱਚ ਵਰਤੇ ਜਾਂਦੇ ਵੱਖ ਵੱਖ ਸੰਦਾਂ ਦੀ ਵਰਤੋਂ ਅਤੇ ਮਹੱਤਵ ਤੋਂ ਜਾਣੂ ਹੋਇਆ।
- ਵਿਦਿਆਰਥੀ ਖੋਜ ਵਿੱਚ ਵਰਤੀਆਂ ਜਾਂਦੀਆਂ ਵਿਭਿੰਨ ਵਿਧੀਆਂ ਅਤੇ ਆਲੋਚਨਾ ਪ੍ਰਣਾਲੀਆਂ ਨੂੰ ਸਮਝਣ ਅਤੇ ਲਾਗੂ ਦੇ ਸਮਰੱਥ ਹੋਇਆ।
- ਵਿਦਿਆਰਥੀ ਖੋਜ ਕਾਰਜ ਵਿੱਚ ਵਰਤੀ ਜਾਂਦੀ ਆਧੁਨਿਕ ਸੂਚਨਾ ਤਕਨਾਲੋਜੀ ਦੇ ਵਿਭਿੰਨ ਮਾਧਿਅਮਾਂ ਅਤੇ ਇਨ੍ਹਾਂ ਨੂੰ ਵਿਵਹਾਰਕ ਰੂਪ ਵਿੱਚ ਵਰਤੋਂ ਵਿੱਚ ਲਿਆਉਣ ਦੇ ਕਾਬਲ ਹੋਇਆ।
- ਵਿਦਿਆਰਥੀ ਪੰਜਾਬੀ- ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ- ਆਦਿ ਖੇਤਰਾਂ ਵਿੱਚ ਹੋਈ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਖੋਜ ਦੇ ਕ੍ਰਮਿਕ ਵਿਕਾਸ, ਸਮੱਸਿਆਵਾਂ ਅਤੇ ਸੀਮਾਵਾਂ ਨੂੰ ਸਮਝਣ ਅਤੇ ਉਸ ਤੋਂ ਸੇਧ ਲੈਣ ਦੇ ਸਮਰੱਥ ਹੋਇਆ

Course Outcome (CO)
ਪੇਪਰ ਦੂਜਾ: ਸਾਹਿਤ ਸਿਧਾਂਤ
ਸਾਹਿਤ ਸਿਧਾਂਤ ਦੇ ਅਧਿਐਨ ਉਪਰੰਤ ਵਿਦਿਆਰਥੀ ਇਨ੍ਹਾਂ ਸਿਧਾਂਤਾਂ ਨੂੰ ਸਾਹਿਤ ਉੱਪਰ ਲਾਗੂ ਕਰਨ ਦੇ ਸਮਰੱਥ ਹੋ ਜਾਂਦਾ ਹੈ।

- ਸਾਹਿਤ ਸਿਧਾਂਤਾਂ ਦੇ ਅਧਿਐਨ ਨਾਲ ਵਿਦਿਆਰਥੀ ਸਾਹਿਤ ਦੀ ਆਲੋਚਨਾ ਕਰਨ ਦੇ ਕਾਬਲ ਹੋ ਜਾਂਦਾ ਹੈ।
- ਇਸ ਦੇ ਅਧਿਐਨ ਦੁਆਰਾ ਵਿਦਿਆਰਥੀ ਸਾਹਿਤ ਆਲੋਚਨਾ ਦੀਆਂ ਵੱਖ ਵੱਖ ਪੱਧਤੀਆਂ ਦੇ ਪਾਸਾਰਾਂ ਨੂੰ ਸਮਝਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ।
- ਸਾਹਿਤ ਸਿਧਾਂਤਾਂ ਦੇ ਅਧਿਐਨ ਨਾਲ ਵਿਦਿਆਰਥੀ ਇਸ ਯੋਗ ਬਣ ਜਾਂਦਾ ਹੈ ਕਿ ਉਹ ਸਾਹਿਤ ਦਾ ਬਹੁ-ਪਰਤੀ ਅਧਿਐਨ ਕਰ ਸਕੇ।
- ਸਾਹਿਤ ਸਿਧਾਂਤਾਂ ਦੇ ਅਧਿਐਨ ਨਾਲ ਵਿਦਿਆਰਥੀ ਵਿਸ਼ਵ ਪੱਧਰੀ ਸਾਹਿਤ ਸਿਧਾਂਤਾਂ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ।
- ਸਾਹਿਤ ਸਿਧਾਂਤਾਂ ਦੇ ਅਧਿਐਨ ਨਾਲ ਵਿਦਿਆਰਥੀ ਆਮ ਭਾਸ਼ਾ ਅਤੇ ਸਾਹਿਤਕ ਭਾਸ਼ਾ ਦੇ ਵੱਖਰੇਵੇਂ ਅਤੇ ਅੰਤਰ ਸਬੰਧਾਂ ਨੂੰ ਸਮਝਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ।
- ਵਿਦਿਆਰਥੀ ਭਾਰਤੀ ਅਤੇ ਪੱਛਮੀ ਚਿੰਤਨ ਪ੍ਰਣਾਲੀਆਂ ਦੇ ਨਾਲ ਆਪਣਾ ਸਿੱਧਾ ਰਾਬਤਾ ਪੈਦਾ ਕਰਨ ਦੇ ਯੋਗ ਹੋ ਜਾਂਦਾ ਹੈ।

Course Outcome (CO)
ਪੇਪਰ ਤੀਜਾ : ਪੰਜਾਬੀ ਸਾਹਿਤ ਦਾ ਦਾਰਸ਼ਨਿਕ ਪਿਛੋਕੜ

- ਵਿਦਿਆਰਥੀਆਂ ਪੇਪਰ ਰਾਹੀਂ ਸਾਹਿਤਕ ਪਿਛੋਕੜ ਜਿਸ ਵਿੱਚ ਵੇਦਾਂਤਿਕ ਅਤੇ ਗੈਰ ਵੇਦਾਂਤਿਕ ਪਹਿਲੂਆਂ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕਰਕੇ ਵਿਸ਼ਵੀ ਸਮਝ ਦੇ ਯੋਗ ਬਣਦਾ ਹੈ।
- ਪ੍ਰਸਿੱਧ ਚਿੰਤਨ ਜਿਸ ਵਿੱਚ ਭਾਰਤੀ ਧਰਮਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਵਿਦਿਆਰਥੀ ਸਾਹਿਤਕ ਨਜ਼ਰੀਏ ਦੇ ਨਾਲ ਬੌਧਿਕ ਗਿਆਨ ਪ੍ਰਾਪਤ ਕਰਕੇ ਕਿਸੇ ਵੀ ਵਕਤੀ ਸਮੱਸਿਆ ਦਾ ਹੱਲ ਕਰਨ ਦੇ ਯੋਗ ਹੋ ਜਾਂਦਾ ਹੈ।

- ਵਿਦਿਆਰਥੀ ਦਰਸ਼ਨ ਦੀ ਪ੍ਰਵਿਰਤੀ ਬਾਰੇ ਡੂੰਘਾਈ ਨਾਲ ਜਾਣਕਾਰੀ ਪ੍ਰਾਪਤ ਕਰਕੇ, ਮਨੋਸਥਿਤੀ ਅਤੇ ਸਮਾਜਿਕ ਸਥਿਤੀ ਦੇ ਅੰਤਰ ਨੂੰ ਸਮਝਣ ਦੇ ਯੋਗ ਬਣਦਾ ਹੈ ।
- ਵਿਦਿਆਰਥੀ ਅੰਦਰ ਖੋਜ ਪ੍ਰਵਿਰਤੀ ਉਤਪੰਨ ਹੁੰਦੀ ਹੈ ਅਤੇ ਜਗਿਆਸਾ ਮਈ ਰੁਚੀ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ ਜਿਸ ਸਦਕਾ ਵਿਦਿਆਰਥੀ ਧਾਰਮਿਕ ਚਿੰਤਨ ਦੇ ਨਿਖੇੜਾ ਕਰਨ ਦੇ ਯੋਗ ਬਣਦਾ ਹੈ।

Course Outcome (CO)
ਪੇਪਰ: ਪੰਜਾਬੀ ਭਾਸ਼ਾ, ਲੋਕਧਾਰਾ ਤੇ ਸਭਿਆਚਾਰ

- ਭਾਸ਼ਾ ਲੋਕਧਾਰਾ ਤੇ ਸਭਿਆਚਾਰ ਦਾ ਅਧਿਐਨ ਵਿਦਿਆਰਥੀਆਂ ਨੂੰ ਭਾਸ਼ਾ, ਲੋਕਧਾਰਾ ਅਤੇ ਸੱਭਿਆਚਾਰ ਦੇ ਵਿਭਿੰਨ ਪਸਾਰਾਂ ਨੂੰ ਸਮਝਣ ਦੇ ਸਮਰੱਥ ਬਣਾ ਦਿੰਦਾ ਹੈ।
- ਵਿਦਿਆਰਥੀ ਇਸ ਪੇਪਰ ਰਾਹੀਂ ਭਾਸ਼ਾ, ਲੋਕਧਾਰਾ ਅਤੇ ਸੱਭਿਆਚਾਰ ਦੇ ਆਪਸੀ ਅੰਤਰ ਸਬੰਧਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।
- ਵਿਦਿਆਰਥੀ ਸਾਹਿਤਕ ਪਾਠਾਂ ਦੇ ਭਾਸ਼ਾਈ, ਲੋਕਧਾਰਾਈ ਤੇ ਸਭਿਆਚਾਰਕ ਪ੍ਰਸੰਗਾਂ ਰਾਹੀਂ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਦੇ ਸਮਰੱਥ ਹੋ ਜਾਂਦਾ ਹੈ।
- ਵਿਦਿਆਰਥੀ ਇਸ ਵਿਸ਼ੇ ਰਾਹੀਂ ਭਾਸ਼ਾ, ਲੋਕਧਾਰਾ ਤੇ ਸੱਭਿਆਚਾਰ ਦਾ ਗਹਿਨ ਅਧਿਐਨ ਕਰਕੇ ਇਨ੍ਹਾਂ ਦੀਆਂ ਬਰੀਕੀਆਂ ਤੋਂ ਜਾਣੂ ਹੋ ਜਾਂਦਾ ਹੈ।
- ਵਿਦਿਆਰਥੀ ਭਾਸ਼ਾ ਲੋਕਧਾਰਾ ਅਤੇ ਸੱਭਿਆਚਾਰ ਦੀ ਡੂੰਘੀ ਸਮਝ ਲੈ ਕੇ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਚੁਣੌਤੀ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣ ਜਾਂਦਾ ਹੈ।
- ਵਿਦਿਆਰਥੀ ਇਸ ਪੇਪਰ ਰਾਹੀਂ ਕੋਸ਼ਕਾਰੀ ਦੇ ਇਤਿਹਾਸ ਅਤੇ ਪੰਜਾਬੀ ਵਿਆਕਰਨ ਦੀ ਪਰੰਪਰਾ ਨੂੰ ਸਮਝਦੇ ਹੋਏ ਪੰਜਾਬੀ ਕੋਸ਼ਾਂ ਅਤੇ ਮੱਧਕਾਲੀ ਪੰਜਾਬੀ ਵਿਆਕਰਨ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਬਣਦੇ ਹਨ।

Course Outcome (CO)
ਪੇਪਰ: ਪੰਜਾਬੀ ਸਾਹਿਤ: ਇਤਿਹਾਸਿਕ ਪਰਿਪੇਖ ਅਤੇ ਰੂਪਾਕਾਰਕ ਚੇਤਨਾ

- ਵਿਦਿਆਰਥੀ ਇਸ ਪੇਪਰ ਰਾਹੀਂ ਮੱਧਕਾਲ ਅਤੇ ਆਧੁਨਿਕ ਕਾਲ ਦੀਆਂ ਅਲੋਚਨਾ ਪ੍ਰਣਾਲੀਆਂ ਤੋਂ ਜਾਣੂ ਹੋ ਕੇ ਇਨ੍ਹਾਂ ਕਾਲਾਂ ਦੇ ਸਾਹਿਤ ਰੂਪ, ਵਸਤੂ, ਸਾਹਿਤਕ ਜੁਗਤਾਂ ਅਤੇ ਵਿਚਾਰਧਾਰਾ ਨੂੰ ਸਮਝਣ ਦੇ ਯੋਗ ਬਣਦੇ ਹਨ।
- ਵਿਦਿਆਰਥੀਆਂ ਵਿਚ ਇਸ ਪੇਪਰ ਰਾਹੀਂ ਮੱਧਕਾਲੀ ਅਤੇ ਆਧੁਨਿਕ ਕਾਲ ਦੇ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਰੂਪਾਕਾਰ ਦੇ ਗੁਣ ਅਤੇ ਲੱਛਣ ਸਮਝਣ ਦੀ ਚੇਤਨਾ ਪੈਦਾਹੁੰਦੀ ਹੈ।
- ਵਿਦਿਆਰਥੀ ਇਸ ਪੇਪਰ ਰਾਹੀਂ ਮੱਧਕਾਲੀ ਅਤੇ ਆਧੁਨਿਕ ਕਾਲ ਦੇ ਪੰਜਾਬੀ ਸਾਹਿਤ ਦੀ ਵਿਧਾ ਤੇ ਵਿਚਾਰਧਾਰਾ ਦੇ ਅੰਤਰ-ਸੰਵਾਦ ਰਚਾਉਣ ਦੇ ਸਮਰੱਥ ਹੋ ਜਾਂਦੇ ਹਨ।

- ਵਿਦਿਆਰਥੀ ਇਸ ਪੇਪਰ ਰਾਹੀਂ ਆਧੁਨਿਕ ਅਤੇ ਮੱਧਕਾਲੀ ਪੰਜਾਬੀ ਸਾਹਿਤ ਦੇ ਨਿਖੇੜੇ ਨੂੰ ਸਮਝਦੇ ਹੋਏ ਵਾਸਤਵਿਕ ਵਿਚ ਇਨ੍ਹਾਂ ਦਾ ਪ੍ਰਯੋਗ ਮਨੁੱਖੀ ਚੇਤਨਾ ਦੀ ਉਸਾਰੀ ਲਈ ਕਰਨ ਦੇ ਯੋਗ ਬਣਦੇ ਹਨ।

Course Outcome (CO)
ਪੇਪਰ ਚੌਥਾ: ਆਧੁਨਿਕ ਪੰਜਾਬੀ ਕਾਵਿ (ਆਪਸ਼ਨ )

- ਆਧੁਨਿਕ ਪੰਜਾਬੀ ਕਾਵਿ ਦੇ ਅਧਿਐਨ ਨਾਲ ਵਿਦਿਆਰਥੀ ਕਵਿਤਾ ਅੰਦਰਲੇ ਬਹੁ-ਪਸਾਰੀ ਧਰਾਤਲਾਂ ਨੂੰ ਖੋਜਣ ਦੇ ਸਮਰੱਥ ਹੋ ਜਾਂਦਾ ਹੈ।
- ਇਸ ਦੇ ਅਧਿਐਨ ਨਾਲ ਵਿਦਿਆਰਥੀ ਕਵਿਤਾ ਦੇ ਲੈਅ ਮੰਡਲ ਨੂੰ ਸਮਝਦਾ ਹੋਇਆ ਇਸ ਦੇ ਭਾਵਨਾਤਮਕ ਅਨੁਭਵ ਤੱਕ ਪਹੁੰਚਣ ਦਾ ਰਾਹ ਤਲਾਸ਼ ਕਰਨ ਦੇ ਯੋਗ ਹੋ ਜਾਂਦਾ ਹੈ।
- ਆਧੁਨਿਕ ਪੰਜਾਬੀ ਕਾਵਿ ਦੇ ਅਧਿਐਨ ਉਪਰੰਤ ਵਿਦਿਆਰਥੀ ਕਵਿਤਾ ਦੀਆਂ ਪਰੰਪਰਾਈ ਤੇ ਆਧੁਨਿਕ ਆਲੋਚਨਾ ਪੱਧਤੀਆਂ ਦੀ ਜਾਣਕਾਰੀ ਹਾਸਲ ਕਰਦਾ ਹੋਇਆ, ਆਪਣੀ ਮੌਲਿਕ ਆਲੋਚਨਾ ਦ੍ਰਿਸ਼ਟੀ ਪੈਦਾ ਕਰਨ ਦੇ ਸਮਰੱਥ ਹੋ ਜਾਂਦਾ ਹੈ।
- ਕਵਿਤਾ ਦੇ ਪਾਠਗਤ ਅਧਿਐਨ ਨਾਲ ਵਿਦਿਆਰਥੀ ਕਾਵਿ ਪਾਠਾਂ ਦਾ ਆਲੋਚਨਾਤਮਿਕ ਪੱਧਰ 'ਤੇ ਅਧਿਐਨ ਵਿਸ਼ਲੇਸ਼ਣ ਕਰਨ ਦੇ ਕਾਬਲ ਹੋ ਜਾਂਦਾ ਹੈ।
- ਆਧੁਨਿਕ ਪੰਜਾਬੀ ਕਾਵਿ ਦੇ ਅਧਿਐਨ ਵਿਸ਼ਲੇਸ਼ਣ ਨਾਲ ਵਿਦਿਆਰਥੀ ਕਵਿਤਾ ਦੀਆਂ ਬਰੀਕੀਆਂ ਨੂੰ ਸਮਝਣ ਦੇ ਕਾਬਲ ਬਣ ਜਾਂਦਾ ਹੈ।
- ਵਿਦਿਆਰਥੀ ਆਧੁਨਿਕ ਪੰਜਾਬੀ ਕਾਵਿ ਦੇ ਚੁਨਿੰਦਾ ਵਿਸ਼ੇ ’ਤੇ ਖੋਜ ਨਿਬੰਧ ਲਿਖਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ।

Course Outcome (CO)
ਪੇਪਰ ਚੌਥਾ : ਪੰਜਾਬੀ ਭਾਸ਼ਾ (ਆਪਸ਼ਨ ਨੌਵੀਂ)

- ਪੇਪਰ ਦੇ ਮਾਧਿਅਮ ਰਾਹੀਂ ਵਿਦਿਆਰਥੀ ਭਾਸ਼ਾ ਦੇ ਸਿਧਾਂਤਕ ਪਹਿਲੂ ਸ਼ਬਦ, ਧੁਨੀ, ਵਾਕੰਸ ਉਸਾਰੀ ਅਤੇ ਵਿਆਕਰਨਕ ਪ੍ਰਬੰਧਾਂ ਦੀ ਡੂੰਘਾਈ ਨਾਲ ਜਾਣਕਾਰੀ ਪ੍ਰਾਪਤ ਕਰਕੇ ਪ੍ਰਵਚਨ ਦੇ ਯੋਗ ਬਣਦਾ ਹੈ।
- ਪੇਪਰ ਦੇ ਰਾਹੀਂ ਵਿਦਿਆਰਥੀ ਤਕਨੀਕੀ ਯੁੱਗ ਦੇ ਅਨੁਸਾਰ ਵਿਆਕਰਨ ਦੀ ਸਮਝ ਨਾਲ ਚੁਣੌਤੀਆਂ ਨੂੰ ਸਵੀਕਾਰ ਕਰਦਾ ਹੋਇਆ ਸਮੇਂ ਦਾ ਹਾਣੀ ਬਣਦਾ ਹੈ।
- ਭਾਸ਼ਾ ਅਤੇ ਖੋਜ ਦੀ ਪ੍ਰਵਿਰਤੀ ਦੀ ਬਰੀਕੀ ਨਾਲ ਸਮਝ ਪ੍ਰਾਪਤ ਕਰਕੇ ਵਿਦਿਆਰਥੀ ਅਨੁਵਾਦ, ਸੰਪਾਦਨ ਅਤੇ ਹੋਰ ਖੇਤਰਾਂ ਵਿੱਚ ਰੁਜ਼ਗਾਰ ਪ੍ਰਾਪਤ ਕਰਕੇ ਸਮਰੱਥ ਰੂਪ ਵਿੱਚ ਸਮਾਜ ਵਿੱਚ ਪੈਰਾਂ 'ਤੇ ਖੜ੍ਹਨ ਦੇ ਯੋਗ ਬਣਦਾ ਹੈ।
- ਕੰਪਿਊਟਰ ਦੇ ਯੁੱਗ ਵਿੱਚ ਭਾਸ਼ਾ ਦੀ ਮਦਦ ਨਾਲ ਹੋਰ ਭਾਸ਼ਾਵਾਂ ਨਾਲ ਸੰਪਰਕ ਸਥਾਪਤ ਕਰਕੇ ਵਿਸ਼ਵ ਪੱਧਰ 'ਤੇ ਇਸ ਯੋਗ ਬਣਦਾ ਹੈ ਕਿ ਸੰਚਾਰ ਅਤੇ ਹੋਰ ਸੰਕਲਪਾਂ ਨੂੰ ਸਮਝ ਸਕੇ ਜਿਸ ਨਾਲ ਉਹ ਖੇਤਰ ਵਿੱਚ ਆ ਰਹੇ ਨਵੇਂ ਬਦਲਾਵਾਂ ਨੂੰ ਸਮਝਣ ਦੇ ਯੋਗ ਬਣਦਾ ਹੈ।

- ਵਿਦਿਆਰਥੀ ਪੰਜਾਬੀ ਭਾਸ਼ਾ ਦੇ ਚੁਨਿੰਦਾ ਵਿਸ਼ੇ 'ਤੇ ਖੋਜ ਨਿਬੰਧ ਲਿਖਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ।

Course Outcome (CO)
ਪੇਪਰ ਚੌਥਾ : ਪੰਜਾਬੀ ਗਲਪ (ਆਪਸ਼ਨ ਗਿਆਰਵੀਂ)

- ਵਿਦਿਆਰਥੀ ਨਾਵਲ ਅਤੇ ਕਹਾਣੀ ਦੇ ਸੰਦਰਭ ਵਿੱਚ ਵਰਤੀਆਂ ਜਾਂਦੀਆਂ ਪ੍ਰਮੁੱਖ ਅਧਿਐਨ ਵਿਧੀਆਂ:ਬਿਰਤਾਂਤ ਸ਼ਾਸਤਰੀ, ਰੂਪਾਕਾਰਕ, ਮਾਰਕਸਵਾਦੀ ਤੇ ਸਮਾਜ ਸ਼ਾਸਤਰੀ ਆਦਿ ਦੇ ਸਿਧਾਂਤਕ ਪੱਖਾਂ ਤੋਂ ਜਾਣੂ ਹੋਇਆ।
- ਵਿਦਿਆਰਥੀ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਅਤੇ ਸਮੱਸਿਆਵਾਂ ਨੂੰ ਸਮਝਣ ਦੇ ਕਾਬਲ ਹੋਇਆ।
- ਵਿਦਿਆਰਥੀ ਕਹਾਣੀਆਂ ਅਤੇ ਨਾਵਲ ਦਾ ਪਾਠਗਤ ਅਧਿਐਨ ਕਰਨ ਦੇ ਕਾਬਲ ਹੋਇਆ ਅਤੇ ਇਸ ਤੋਂ ਸੇਧ ਲੈ ਕੇ ਉਹ ਖੋਜ ਕਰਨ ਦੇ ਵੀ ਸਮਰੱਥ ਹੋਇਆ।
- ਵਿਦਿਆਰਥੀ ਇਸ ਵਿਸ਼ੇ ਰਾਹੀਂ ਜ਼ਿੰਦਗੀ ਦੇ ਯਥਾਰਥ ਨੂੰ ਵੀ ਸਮਝਣ ਦੇ ਸਮਰੱਥ ਹੋਇਆ।
- ਵਿਦਿਆਰਥੀ ਪੰਜਾਬੀ ਗਲਪ ਦੇ ਚੁਨਿੰਦਾ ਵਿਸ਼ੇ 'ਤੇ ਖੋਜ ਨਿਬੰਧ ਲਿਖਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ।

# ਪੰਜਾਬੀ ਵਿਭਾਗ

- ਕਾਲਜ ਵਿੱਚ ਪੰਜਾਬੀ ਵਿਭਾਗ ਦਾ ਇਤਿਹਾਸਕ ਸਫ਼ਰ ਕਾਲਜ ਦੀ ਸਥਾਪਨਾ ਦੇ ਨਾਲ ਹੀ 1960 ਤੋਂ ਸ਼ੁਰੂ ਹੋ ਜਾਂਦਾ ਹੈ ।ਮਨੁੱਖੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਲਈ ਭਾਸ਼ਾਈ, ਸਾਹਿਤਕ ਅਤੇ ਸਭਿਆਚਾਰਕ ਸਿਰਜਨਾਵਾਂ ਨਾਲ ਸਾਂਝ ਹੋਣੀ ਬੇਹੱਦ ਜ਼ਰੂਰੀ ਹੈ।ਇਹ ਸਾਂਝ ਬਣਾਉਣ ਦਾ ਸੁਹਿਰਦ ਢੰਗ ਮੂਲ ਰੂਪ ਵਿਚ ਭਾਸ਼ਾ ਹੀ ਬਣਦੀ ਹੈ।ਭਾਸ਼ਾ ਦਾ ਮੂਲ ਆਧਾਰ ਮਾਂ ਬੋਲੀ ਹੈ, ਜੇ ਕਿਸੇ ਵਿਅਕਤੀ ਨੂੰ ਮਾਤ ਭਾਸ਼ਾ ਦਾ ਡੂੰਘਾ ਗਿਆਨ ਨਹੀਂ ਹੁੰਦਾ ਤਾਂ ਉਸਦੇ ਵਧਣ -ਫੁੱਲਣ ਦੇ ਆਸਾਰ ਘੱਟ ਹੋ ਜਾਂਦੇ ਹਨ।ਇਸੇ ਮਨੋਰਥ ਅਧੀਨ ਹੀ ਪੰਜਾਬੀ ਵਿਭਾਗ ਸਾਲ 2005 ਤੋਂ ਐਮ.ਏ. ਪੰਜਾਬੀ ਦਾ ਕੋਰਸ ਕਰਵਾ ਰਿਹਾ ਹੈ ।ਇਹ ਕੋਰਸ ਪੰਜਾਬੀ ਭਾਸ਼ਾ ਨਾਲ ਜੁੜੀ ਪਹਿਚਾਣ, ਪੰਜਾਬੀ ਸਾਹਿਤ ਅਤੇ ਸਭਿਆਚਾਰ ਵਿੱਚ ਪੇਸ਼ ਗਿਆਨ ਅਤੇ ਵਿਚਾਰਧਾਰਾ ਨੂੰ ਪੁਖਤਾ ਕਰਦਾ ਹੋਇਆ, ਵਿਦਿਆਰਥੀਆਂ ਨੂੰ ਜ਼ਿੰਦਗੀ ਅਤੇ ਸਾਹਿਤ, ਦੋਵਾਂ ਨੂੰ ਦੇਖਣ ਅਤੇ ਪਰਖਣ ਦਾ ਵਿਸ਼ਵ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।ਇਹ ਕੋਰਸ ਵਿਦਿਆਰਥੀਆਂ ਨੂੰ ਮੌਲਿਕ ਸਾਹਿਤ ਸਿਰਜਣ ਦੇ ਸਮਰੱਥ ਬਣਾਉਂਦਾ ਹੋਇਆ ਭਵਿੱਖ ਵਿਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਖੋਜ ਕਾਰਜ ਪ੍ਰਤੀ ਗਿਆਨ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।ਇਹ ਕੋਰਸ ਇਸ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਵਿਦਿਆਰਥੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਨੂੰ ਸਮਝ ਕੇ ਉਹਨਾਂ ਦਾ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਅਧਿਐਨ ਕਰਕੇ ਵਿਭਿੰਨ ਖੇਤਰਾਂ ਵਿਚ ਰੁਜ਼ਗਾਰ ਪ੍ਰਾਪਤ ਕਰ ਸਕਣ।

ਐਮ.ਏ. ਭਾਗ ਪਹਿਲਾ ਅਤੇ ਦੂਜਾ

Programme Specific Outcome (Pso)

ਵਿਦਿਆਰਥੀ ਸਾਹਿਤ ਦੀਆਂ ਵੱਖਰੀਆਂ-ਵੱਖਰੀਆਂ ਵਿਧਾਵਾਂ ਜਿਵੇਂ ਗਲਪ, ਨਾਟਕ, ਕਵਿਤਾ, ਵਾਰਤਕ, ਸਫ਼ਰਨਾਮਾ, ਜੀਵਨੀ ਆਦਿ ਦੇ ਵਿਧਾਗਤ ਅਤੇ ਰੂਪ ਵਿਧਾਨ ਦੇ ਪੱਖਾਂ ਦੀ ਜਾਣਕਾਰੀ ਹਾਸਿਲ ਕਰਨ ਉਪਰੰਤ ਜ਼ਿੰਦਗੀ ਦੇ ਯਥਾਰਥ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝ ਸਕਦਾ ਹੈ।ਵਿਦਿਆਰਥੀ ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬ ਦੀਆਂ ਰਾਜਨੀਤਿਕ, ਇਤਿਹਾਸਿਕ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਿਕ ਪ੍ਰਸਥਿਤੀਆਂ ਨੂੰ ਸਮਝ ਕੇ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਸਮਰੱਥ ਹੋ ਸਕਦਾ ਹੈ।ਪੰਜਾਬੀ ਸਾਹਿਤ ਦੇ ਅਧਿਐਨ ਨਾਲ ਵਿਦਿਆਰਥੀ ਵੱਖ-ਵੱਖ ਭਾਸ਼ਾਵਾਂ ਦੇ ਸਾਹਿਤ ਦੀ

ਕਾਲਕ੍ਰਮਿਕ ਤੁਲਨਾ ਕਰਨ ਦੇ ਸਮਰੱਥ ਬਣਦਾ ਹੈ।ਵਿਦਿਆਰਥੀ ਸੰਸਕ੍ਰਿਤ ਦੇ ਸਾਹਿਤ ਨੂੰ ਸਮਝਣ ਵਾਲੇ ਸਿਧਾਂਤਕ ਪਹਿਲੂਆਂ ਤੋਂ ਲੈ ਕੇ ਆਧੁਨਿਕ ਦੌਰ ਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਦੇ ਸਿਧਾਂਤਕ ਪਹਿਲੂਆਂ ਬਾਰੇ ਜਾਣਕਾਰੀ ਹਾਸਿਲ ਕਰ ਲੈਂਦਾ ਹੈ।ਨਾਟਕ ਦੀ ਵਿਧਾ ਨਾਲ ਵਿਦਿਆਰਥੀਆਂ ਨੂੰ ਕੇਵਲ ਨਾਟਕ ਤੇ ਰੰਗਮੰਚ ਦੇ ਰਿਸ਼ਤੇ ਨਾਲ ਹੀ ਬੰਨਣਾ ਨਹੀਂ ਹੁੰਦਾ ਬਲਕਿ ਇਸ ਰਾਹੀਂ ਨਾਟਕ ਦੀ ਵਿਧਾ ਦੀ ਮਹਾਂ ਸਿਰਜਣਾ ਅਤੇ ਇਸ ਵਿਧਾ ਦੀ ਸਮਝ ਲਈ ਬਹੁ-ਪਰਤੀ ਤੇ ਬਹੁ- ਦਿਸ਼ਾਵੀ ਗਿਆਨ ਮਹੁੱਈਆ ਕਰਨਾ ਹੀ ਸਾਡਾ ਮੁੱਖ ਮੰਤਵ ਹੈ ।ਗਲਪ ਰਾਹੀਂ ਵਿਦਿਆਰਥੀ ਇਹ ਸਮਝਣ ਦੇ ਯੋਗ ਹੋ ਜਾਂਦਾ ਹੈ ਕਿ ਜ਼ਿੰਦਗੀ ਦਾ ਸੱਚ ਉਹ ਨਹੀਂ ਹੁੰਦਾ ਜੋ ਅਸੀਂ ਸੋਚਦੇ ਜਾਂ ਚਾਹੁੰਦੇ ਹਾਂ ਸਗੋਂ ਉਹ ਹੁੰਦਾ ਹੈ ਜੋ ਸਾਨੂੰ ਪ੍ਰਸਥਿਤੀਆਂ ਦਿੰਦੀਆਂ ਹਨ।ਕਾਵਿ ਸਾਹਿਤ ਦੇ ਮਾਧਿਅਮ ਰਾਹੀਂ ਵਿਦਿਆਰਥੀ ਰਿਗਵੇਦ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਪੁਰਾਤਨ ਰਵਾਇਤਾਂ ਨਾਲ ਆਪਣਾ ਰਾਬਤਾ ਬਣਾ ਲੈਂਦਾ ਹੈ ਅਤੇ ਆਧੁਨਿਕ ਗਿਆਨ ਦੇ ਪਾਸਾਰਾਂ ਨੂੰ ਸਮਝਣ ਦੀ ਸੋਝੀ ਹਾਸਿਲ ਕਰਦਾ ਹੈ।ਵਿਦਿਆਰਥੀ ਆਧੁਨਿਕ ਤਕਨਾਲੋਜੀ ਦੇ ਯੁੱਗ ਵਿਚ ਭਾਸ਼ਾ ਵਿਗਿਆਨ ਦੇ ਵਿਸ਼ੇ ਰਾਹੀਂ ਅੰਤਰ ਰਾਸ਼ਟਰੀ ਪੱਧਰ ‘ਤੇ ਬਹੁ-ਭਾਸ਼ਾਈ ਪ੍ਰਬੰਧ ਨੂੰ ਸਮਝਦਾ ਹੋਇਆ ਭਾਸ਼ਾ ਦੀ ਉਤਪਤੀ, ਸੰਚਾਰ, ਵਿਆਕਰਣ ਅਤੇ ਕੰਪਿਊਟਰ ਦੀ ਵਰਤੋਂ ਕਰਨ ਦੇ ਨਾਲ ਸਮੇਂ ਦਾ ਹਾਣੀ ਬਣ ਜਾਂਦਾ ਹੈ।ਗੁਰਮਤਿ ਕਾਵਿ ਰਾਹੀਂ ਵਿਦਿਆਰਥੀ ਅਧਿਆਤਮਿਕ ਜਗਤ ਦੇ ਪਾਸਾਰਾਂ ਤੋਂ ਜਾਣੂ ਹੁੰਦਾ ਹੋਇਆ ਗੁਰਮਤਿ ਰਹਿਤ ਮਰਿਯਾਦਾ ਅਨੁਸਾਰ ਗੁਰਸਿੱਖੀ ਜੀਵਨ ਜਾਚ ਨੂੰ ਸਿੱਖਣ ਦੇ ਸਮਰੱਥ ਹੋ ਜਾਂਦਾ ਹੈ।ਵਿਦਿਆਰਥੀ ਸਾਹਿਤਕਾਰਾਂ ਦੀਆਂ ਸਵੈ ਜੀਵਨੀਆਂ ਨੂੰ ਪੜ੍ਹ ਕੇ ਉਹਨਾਂ ਦੇ ਅਨੁਭਵਾਂ, ਵਿਚਾਰਾਂ, ਸੰਘਰਸ਼ਮਈ ਜੀਵਨ ਤੋਂ ਸੇਧ ਲੈ ਕੇ ਆਪਣੀ ਜ਼ਿੰਦਗੀ ਨੂੰ ਸਫਲਤਾਪੂਰਵਕ ਜਿਊਣ ਦੇ ਸਮਰੱਥ ਹੁੰਦਾ ਹੈ।ਸੂਫ਼ੀ ਕਾਵਿ ਰਾਹੀਂ ਸੂਫੀਮੱਤ ਦੀ ਉਤਪਤੀ ਅਤੇ ਇਸਦੇ ਪੜਾਵਾਂ ਬਾਰੇ ਜਾਣਕਾਰੀ ਹਾਸਿਲ ਕਰਦਾ ਹੈ।ਬੀਰ ਕਾਵਿ ਰਾਹੀਂ ਨੇਕੀ ਅਤੇ ਬਦੀ ਨੂੰ ਸਮਝਦਿਆਂ ਹੋਇਆਂ ਵਿਦਿਆਰਥੀਆਂ ਅੰਦਰ ਦੇਸ਼, ਕੌਮ ਅਤੇ ਧਰਮ ਦੀ ਖ਼ਾਤਿਰ ਕੁਰਬਾਨੀ ਦੇਣ ਦੀ ਭਾਵਨਾ ਪੈਦਾ ਹੁੰਦੀ ਹੈ।ਕਿੱਸਾ ਕਾਵਿ ਰਾਹੀਂ ਵਿਦਿਆਰਥੀ ਰੂਹਾਨੀ ਇਸ਼ਕ ਅਤੇ ਦੁਨਿਆਵੀ ਇਸ਼ਕ ਦੇ ਪੜਾਵਾਂ ਅਤੇ ਸਮਾਜ ਵੱਲੋਂ ਇਸਦੇ ਅਪ੍ਰਵਾਨੇ ਹੋਣ ਕਰਕੇ ਇਸਦੇ ਰਸਤੇ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ।ਵਿਦਿਆਰਥੀ ਪੰਜਾਬੀ ਸੱਭਿਆਚਾਰਕ ਅਤੇ ਲੋਕਧਰਾਈ ਪਰੰਪਰਾ ਦਾ ਗਿਆਨ ਹਾਸਿਲ ਕਰਦਾ ਹੋਇਆ, ਆਦਿ

ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਬਦਲ ਰਹੇ ਸੱਭਿਆਚਾਰਕ ਅਤੇ ਲੋਕਧਰਾਈ ਪਰਿਪੇਖਾਂ ਨਾਲ ਤੁਲਨਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

Course Outcome (CO)

- ਐਮ.ਏ ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ)
  ਪੇਪਰ ਪਹਿਲਾ : ਪੰਜਾਬੀ ਸਾਹਿਤ ਦਾ ਇਤਿਹਾਸ

1. ਪੰਜਾਬੀ ਸਾਹਿਤ ਦੇ ਅਧਿਐਨ ਨਾਲ ਵਿਦਿਆਰਥੀ ਪੰਜਾਬੀ ਸਾਹਿਤ ਦੀ ਰੂਪ ਰੇਖਾ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ।
2. ਪੰਜਾਬੀ ਸਾਹਿਤ ਦੇ ਇਤਿਹਾਸ ਦੇ ਅਧਿਐਨ ਰਾਹੀਂ ਵਿਦਿਆਰਥੀ ਆਦਿ ਕਾਲ ਤੋਂ ਲੈ ਕੇ ਸਮਕਾਲ ਤੱਕ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਪ੍ਰਸਥਿਤੀਆਂ ਤੋਂ ਜਾਣਕਾਰੀ ਹਾਸਿਲ ਕਰਕੇ ਪੰਜਾਬੀ ਸਮਾਜ ਵਿੱਚ ਆਏ ਬਦਲਾਅ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
3. ਸਾਹਿਤ ਦੇ ਇਤਿਹਾਸ ਦੇ ਅਧਿਐਨ ਰਾਹੀਂ ਵਿਦਿਆਰਥੀ ਸਿਵਿਲ ਪ੍ਰੀਖਿਆ ਦੀ ਤਿਆਰੀ ਦੇ ਕਾਬਿਲ ਹੋ ਜਾਂਦੇ ਹਨ।
4. ਸਾਹਿਤ ਦੇ ਇਤਿਹਾਸ ਰਾਹੀਂ ਵਿਦਿਆਰਥੀ ਤੁਲਨਾਤਮਕ ਅਧਿਐਨ ਕਰਨ ਦੇ ਸਮਰੱਥ ਹੋ ਜਾਂਦੇ ਹਨ।
5. ਸਾਹਿਤਕ ਵਿਚਾਰਧਾਰਾਵਾਂ ਦੀ ਤਬਦੀਲੀ ਦੇ ਅਧਿਐਨ ਰਾਹੀਂ ਵਿਦਿਆਰਥੀ ਸਮਾਜ ਨੂੰ ਹੋਰ ਡੂੰਘਾਈ ਨਾਲ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
6. ਵਿਦਿਆਰਥੀ ਸਮਾਜਿਕ ਤਬਦੀਲੀ ਨੂੰ ਸਾਹਿਤ ਦੇ ਇਤਿਹਾਸ ਦੇ ਮਾਧਿਅਮ ਦੁਆਰਾ ਵਧੇਰੇ ਤਰਕਸੰਗਤ ਢੰਗ ਨਾਲ ਸਮਝਣ ਦੇ ਸਮਰੱਥ ਹੋ ਜਾਂਦੇ ਹਨ।

Course Outcome (CO)

- ਐਮ.ਏ ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ)
  ਪੇਪਰ ਦੂਜਾ : ਆਧੁਨਿਕ ਪੰਜਾਬੀ ਕਾਵਿ

1. ਆਧੁਨਿਕ ਪੰਜਾਬੀ ਕਾਵਿ ਦੇ ਅਧਿਐਨ ਨਾਲ ਵਿਦਿਆਰਥੀ ਪੰਜਾਬੀ ਕਵਿਤਾ ਦੇ ਸਮੂਹਿਕ ਪਸਾਰਾਂ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ।

2. ਵਿਦਿਆਰਥੀਆਂ ਦੁਆਰਾ ਕੀਤਾ ਗਿਆ ਪੰਜਾਬੀ ਕਾਵਿ ਦਾ ਅਧਿਐਨ ਉਸਨੂੰ ਪੰਜਾਬੀ ਕਵੀਆਂ ਤੇ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਨੂੰ ਸਮਝਣ ਦੇ ਸਮਰੱਥ ਬਣਾ ਦਿੰਦਾ ਹੈ।
3. ਕਾਵਿ ਦੇ ਅਧਿਐਨ ਨਾਲ ਵਿਦਿਆਰਥੀ ਕਵਿਤਾ ਦੇ ਲੈਅ ਮੰਡਲ ਨੂੰ ਸਮਝਦਾ ਹੋਇਆ ਕਵਿਤਾ ਦੇ ਭਾਵਨਾਤਮਕ ਅਨੁਭਵ ਤੱਕ ਪਹੁੰਚਣ ਦਾ ਗਿਆਨ ਹਾਸਲ ਕਰਨ ਦੇ ਕਾਬਿਲ ਹੋ ਜਾਂਦਾ ਹੈ।
4. ਵਿਦਿਆਰਥੀ ਕਾਵਿਕ ਨਿਯਮਾਂ ਦਾ ਅਧਿਐਨ ਕਰਕੇ, ਆਪਣੇ ਪੱਧਰ'ਤੇ ਕਾਵਿ ਦਾ ਅਧਿਐਨ ਕਰਨ ਦੇ ਯੋਗ ਹੋ ਜਾਂਦਾ ਹੈ।

Course Outcome (CO)

- ਐਮ.ਏ.ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ)
  ਪੇਪਰ ਤੀਜਾ : ਪੰਜਾਬੀ ਨਾਟਕ

1. ਵਿਦਿਆਰਥੀ ਸਾਹਿਤਕ ਵਿਧਾ ਨਾਟਕ ਦੇ ਸਿਧਾਂਤ ਤੋਂ ਜਾਣੂ ਹੁੰਦੇ ਹੋਏ ਨਾਟਕ ਦੀ ਉਤਪਤੀ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
2. ਵਿਦਿਆਰਥੀ ਇਕਾਂਗੀ ਤੇ ਨਾਟਕ ਦੇ ਤੁਲਨਾਤਮਕ ਅਧਿਐਨ ਦੇ ਯੋਗ ਹੋ ਜਾਂਦੇ ਹਨ।
3. ਵਿਦਿਆਰਥੀ ਵੱਖੋ-ਵੱਖਰੇ ਨਾਟਕਕਾਰਾਂ ਦੁਆਰਾ ਪੇਸ਼ ਕੀਤੇ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਇਤਿਹਾਸਿਕ ਹਾਲਾਤਾਂ ਤੋਂ ਜਾਣੂ ਹੁੰਦੇ ਹੋਏ ਆਪਣੇ ਨਿੱਜੀ, ਸਮਾਜਿਕ ਤੇ ਰਾਜਨੀਤਿਕ ਵਿਚਾਰਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
4. ਵਿਦਿਆਰਥੀ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਵਾਰਤਾਲਾਪ ਵਿੱਚ ਤਿਆਰ ਕਰਕੇ ਸਟੇਜ ਤੇ ਦਰਸ਼ਕਾਂ ਸਾਹਮਣੇ ਦ੍ਰਿੜ ਇਰਾਦੇ ਨਾਲ ਪੇਸ਼ ਕਰਨ ਦੇ ਸਮਰੱਥ ਹੋ ਜਾਂਦੇ ਹਨ।
5. ਵਿਦਿਆਰਥੀ ਨਾਟਕ ਤੇ ਰੰਗਮੰਚ ਦੀ ਜਾਣਕਾਰੀ ਨਾਲ ਸਭਿਆਚਾਰਕ ਪਰੰਪਰਾਵਾਂ ਅਤੇ ਸਮਾਜਿਕ ਵਿਸ਼ਿਆਂ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
6. ਨਾਟਕ ਵਿਦਿਆਰਥੀਆਂ ਅੰਦਰ ਇਕਾਗਰਤਾ ਵਧਾਉਣ ਵਿੱਚ ਮਦੱਦਗਰ ਸਾਬਿਤ ਹੁੰਦਾ ਹੈ।
7. ਨਾਟਕ ਰਾਹੀਂ ਵਿਦਿਆਰਥੀਆਂ ਅੰਦਰ ਜਿੱਥੇ ਸਮੂਹਿਕ ਰੂਪ ਵਿੱਚ ਕੰਮ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ ਉੱਥੇ ਉਹ ਸੁਤੰਤਰਤਾ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਦੇ ਸਮਰੱਥ ਹੋ ਜਾਂਦੇ ਹਨ।
8. ਨਾਟਕ ਰਾਹੀਂ ਵਿਦਿਆਰਥੀਆਂ ਅੰਦਰ ਆਲੋਚਨਾਤਮਕ ਦ੍ਰਿਸ਼ਟੀ ਪੈਦਾ ਹੁੰਦੀ ਹੈ।

Course Outcome (CO)

- ਐਮ.ਏ.ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ)
  ਪੇਪਰ ਚੌਥਾ: ਪੰਜਾਬੀ ਗਲਪ

1. ਵਿਦਿਆਰਥੀ ਨਾਵਲ ਅਤੇ ਕਹਾਣੀ ਦੀ ਰੂਪ ਵਿਧਾ ਦੇ ਸਿਧਾਂਤਕ ਪੱਖਾਂ ਨੂੰ ਜਾਣਨ ਉਪਰੰਤ ਜ਼ਿੰਦਗੀ ਦੇ ਯਥਾਰਥ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝਣ ਦੇ ਯੋਗ ਹੋ ਜਾਂਦਾ ਹੈ।
2. ਵਿਦਿਆਰਥੀ ਪਰਵਾਸ ਦੇ ਵਰਤਾਰੇ ਨੂੰ ਚੰਗੀ ਤਰ੍ਹਾਂ ਸਮਝਣ ਦੇ ਕਾਬਿਲ ਬਣ ਜਾਂਦਾ ਹੈ।
3. ਵਿਦਿਆਰਥੀ ਵੱਖ-ਵੱਖ ਥਾਵਾਂ ਦੇ ਸਮਾਜ, ਧਰਮ, ਰਾਜਨੀਤੀ ਅਤੇ ਸਭਿਆਚਾਰਾਂ ਦੇ ਤੁਲਨਾਤਮਕ ਅਧਿਐਨ ਅਤੇ ਇਹਨਾਂ ਅੰਦਰ ਲੁਕੀਆਂ ਪਰਤਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।
4. ਵਿਦਿਆਰਥੀ ਜ਼ਿੰਦਗੀ ਦੇ ਕੋਮਲ ਵਲਵਲਿਆਂ ਦੀ ਪ੍ਰਾਪਤੀ ਅਤੇ ਅਪ੍ਰਾਪਤੀ ਨੂੰ ਸਵੀਕਾਰ ਕਰਨ ਅਤੇ ਜ਼ਿੰਦਗੀ ਜਿਊਣ ਲਈ, ਜ਼ਿੰਦਗੀ ਵਿੱਚ ਸੁਨਹਿਰੀ ਕਿਣਕੇ ਕਾਇਮ ਰੱਖਣ ਦੇ ਯੋਗ ਬਣ ਜਾਂਦਾ ਹੈ।
5. ਵਿਦਿਆਰਥੀ ਜੰਗਾਂ ਅਤੇ ਯੁੱਧਾਂ ਦੇ ਫ਼ੈਸਲਿਆਂ, ਕਾਰਨਾਂ ਅਤੇ ਇਹਨਾਂ ਦੇ ਮਨੁੱਖਤਾ ਉੱਤੇ ਲੰਮੇ ਸਮੇਂ ਤੱਕ ਪੈਣ ਵਾਲੇ ਦੂਰ ਪ੍ਰਭਾਵਾਂ ਨੂੰ ਸਮਝਣ ਅਤੇ ਜੰਗਾਂ ਅਤੇ ਯੁੱਧਾਂ ਦੌਰਾਨ ਮਨੁੱਖਤਾ ਦਾ ਘਾਣ ਨਾ ਕਰਨ ਦੇ ਯੋਗ ਬਣ ਜਾਂਦਾ ਹੈ।
6. ਵਿਦਿਆਰਥੀ ਪੰਜਾਬ ਦੀ ਰਾਜਨੀਤੀ, ਧਰਮ, ਇਤਿਹਾਸ ਅਤੇ ਸਭਿਆਚਾਰ, ਇਸ ਵਿੱਚ ਇਤਿਹਾਸਕ ਕ੍ਰਮ ਅਨੁਸਾਰ ਆ ਰਹੇ ਰੂਪਾਂਤਰਣ ਨੂੰ ਸਮਝਣ ਦੇ ਨਾਲ-ਨਾਲ ਵਰਤਮਾਨ ਪ੍ਰਸਥਿਤੀਆਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।

Course Outcome (CO)

- ਐਮ.ਏ.ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ)
  ਪੇਪਰ ਪੰਜਵਾਂ: ਸਾਹਿਤ ਆਲੋਚਨਾ ਦੇ ਸਿਧਾਂਤ

1. ਵਿਦਿਆਰਥੀ ਸਾਹਿਤ ਨਾਲ ਸੰਬੰਧਿਤ ਸਿਧਾਂਤਕ ਪਹਿਲੂਆਂ ਸੰਬੰਧੀ ਸੋਝੀ ਪ੍ਰਾਪਤ ਕਰ ਲੈਂਦਾ ਹੈ।

2. ਇਸ ਨਾਲ ਵਿਦਿਆਰਥੀ ਉਚੇਰੇ ਖੋਜ ਕਾਰਜ ਕਰਨ ਦੇ ਸਮਰੱਥ ਬਣ ਜਾਂਦਾ ਹੈ।

3. ਸਾਹਿਤ ਨੂੰ ਸਮਝਣ ਲਈ ਵਿਦਿਆਰਥੀਆਂ ਅੰਦਰ ਆਲੋਚਨਾਤਮਕ ਦ੍ਰਿਸ਼ਟੀਕੋਣ ਪੈਦਾ ਹੋ ਜਾਂਦਾ ਹੈ।

4. ਵਿਦਿਆਰਥੀਆਂ ਅੰਦਰ ਵੱਖੋ-ਵੱਖਰੀਆਂ ਭਾਸ਼ਾਵਾਂ, ਸਾਹਿਤ ਅਤੇ ਸੱਭਿਆਚਾਰ ਦਾ ਤੁਲਨਾਤਮਕ ਅਧਿਐਨ ਕਰਨ ਦੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ।

5. ਵਿਦਿਆਰਥੀ ਸੰਸਕ੍ਰਿਤ ਦੇ ਸਾਹਿਤ ਨੂੰ ਸਮਝਣ ਵਾਲੇ ਸਿਧਾਂਤਕ ਪਹਿਲੂਆਂ ਤੋਂ ਲੈ ਕੇ ਮੌਜੂਦਾ ਦੌਰ ਦੇ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਵਿਚਲੇ ਸਿਧਾਂਤਕ ਪਹਿਲੂਆਂ ਪ੍ਰਤੀ ਜਾਣਕਾਰੀ ਰੱਖਣ ਲੱਗ ਪੈਂਦਾ ਹੈ।

6. ਵਿਦਿਆਰਥੀ ਸਾਹਿਤ ਅਤੇ ਸਮਾਜਿਕ ਤਬਦੀਲੀਆਂ ਨੂੰ ਵਧੇਰੇ ਤਰਕਪੂਰਨ ਤਰੀਕੇ ਨਾਲ ਸਮਝਣ ਦੇ ਸਮਰੱਥ ਹੋ ਜਾਂਦਾ ਹੈ।

Course Outcome (CO)

- ਐਮ.ਏ.ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
  ਪੇਪਰ ਪਹਿਲਾ: ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ

1. ਵਿਦਿਆਰਥੀਆਂ ਨੂੰ ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ ਵਿਸ਼ੇ ਰਾਹੀਂ ਭਾਸ਼ਾ ਦੇ ਵਿਗਿਆਨਕ ਨਜ਼ਰੀਏ ਦਾ ਪਤਾ ਚਲਦਾ ਹੈ ਅਤੇ ਵਿਦਿਆਰਥੀ ਕਿਸੇ ਦੂਜੀ ਭਾਸ਼ਾ ਨੂੰ ਸਮਝਣ ਦੇ ਯੋਗ ਬਣਦਾ ਹੈ।
2. ਪੇਪਰ ਦੇ ਮਾਧਿਅਮ ਰਾਹੀਂ ਵਿਦਿਆਰਥੀ ਭਾਸ਼ਾ ਦੀ ਉਤਪਤੀ, ਭਾਸ਼ਾ ਦਾ ਸੰਚਾਰ, ਭਾਸ਼ਾ ਦਾ ਵਿਆਕਰਨ ਅਤੇ ਆਧੁਨਿਕ ਤਕਨਾਲੋਜੀ ਕੰਪਿਊਟਰ ਦੀ ਵਰਤੋਂ ਕਰਨ ਦੇ ਯੋਗ ਬਣ ਕੇ ਸਮੇਂ ਦਾ ਹਾਣੀ ਬਣਦਾ ਹੈ।
3. ਵਿਦਿਆਰਥੀਆਂ ਦੇ ਅੰਦਰ ਇਸ ਤਰ੍ਹਾਂ ਦੀ ਚੇਤਨਾ ਪੈਦਾ ਹੰਦੀ ਹੈ ਜਿਸ ਨਾਲ ਉਹ ਕਿਸੇ ਸਭਿਅਤਾ ਅਤੇ ਸਭਿਆਚਾਰ ਜਾਂ ਹੋਰ ਤੱਤਾਂ ਬਾਰੇ ਗਹਿਰਾਈ ਨਾਲ ਜਾਣਕਾਰੀ ਪ੍ਰਾਪਤ ਕਰਕੇ ਅਨੁਵਾਦ ਦੇ ਖੇਤਰ ਵਿਚ ਮੁਹਾਰਤ ਹਾਸਿਲ ਕਰਕੇ ਨੌਕਰੀ ਪ੍ਰਾਪਤ ਕਰਨ ਦੇ ਯੋਗ ਹੁੰਦਾ ਹੈ।
4. ਵਿਦਿਆਰਥੀ ਕਿਸੇ ਵੀ ਹੋਰ ਭਾਸ਼ਾ ਦੇ ਬੁਲਾਰੇ ਨਾਲ ਸੰਵਾਦ ਸਥਾਪਿਤ ਕਰਕੇ ਕਿੱਤੇ ਵਜੋਂ ਦੋ ਭਾਸ਼ੀ ਰੁਜ਼ਗਾਰ ਦੀ ਪ੍ਰਾਪਤੀ ਕਰਕੇ ਕਿੱਤਾ ਮੁਖੀ ਸਿੱਖਿਆ ਨਾਲ ਭਰਪੂਰ ਜਾਣਕਾਰੀ ਪ੍ਰਾਪਤ ਕਰਦਾ ਹੈ।

5. ਆਧੁਨਿਕ ਸਮੇਂ ਵਿਚ ਕੰਪਿਊਟਰ ਦੀ ਸਿਧਾਂਤਕ ਸਮਝ ਲਈ ਵਿਆਕਰਨਿਕ ਪੱਖ ਤੋਂ ਇਸ ਵਿਸ਼ੇ ਰਾਹੀਂ ਵਿਦਿਆਰਥੀ ਸਮੇਂ ਦਾ ਹਾਣੀ ਬਣਕੇ ਅੰਤਰਰਾਸ਼ਟਰੀ ਪੱਧਰ 'ਤੇ ਬਹੁ ਭਾਸ਼ਾਈ ਪ੍ਰਬੰਧ ਨੂੰ ਸਮਝਦਾ ਹੈ।

Course Outcome (CO)

- ਐਮ.ਏ.ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
  ਪੇਪਰ ਦੂਜਾ: ਗੁਰਮਤਿ ਕਾਵਿ

1. ਇਸ ਪੇਪਰ ਰਾਹੀਂ ਵਿਦਿਆਰਥੀ ਅਧਿਆਤਮਕ ਜਗਤ ਦੇ ਪਸਾਰਾਂ ਤੋਂ ਜਾਣੂ ਹੋ ਜਾਂਦਾ ਹੈ।
2. ਗੁਰੂ ਨਾਨਕ ਬਾਣੀ ਰਾਹੀਂ ਵਿਦਿਆਰਥੀ ਸ੍ਰਿਸ਼ਟੀ ਦੀ ਮੂਲ ਰਚਨਾ ਅਤੇ ਅਧਿਆਤਮ ਦੇ ਪੰਜ ਖੰਡਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।
3. ਭਾਈ ਗੁਰਦਾਸ ਦੀਆਂ ਵਾਰਾਂ ਰਾਹੀਂ ਵਿਦਿਆਰਥੀ ਗੁਰੂ ਨਾਨਕ ਕਾਲ ਦੀ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਿਕ ਅਤੇ ਇਤਿਹਾਸਿਕ ਸਥਿਤੀਆਂ ਨੂੰ ਸਮਝ ਕੇ ਨੇਕੀ ਅਤੇ ਬਦੀ ਵਿੱਚ ਅੰਤਰ ਕਰਨ ਦੇ ਯੋਗ ਹੋ ਜਾਂਦਾ ਹੈ।
4. ਭਾਈ ਗੁਰਦਾਸ ਦੀਆਂ ਵਾਰਾਂ ਰਾਹੀਂ ਵਿਦਿਆਰਥੀ ਗੁਰਮਤਿ ਰਹਿਤ ਮਰਿਯਾਦਾ ਅਨੁਸਾਰ ਗੁਰਸਿੱਖ ਦੀ ਜੀਵਨ ਜਾਚ ਨੂੰ ਜਿਊਣ ਦੇ ਸਮਰੱਥ ਹੋ ਜਾਂਦਾ ਹੈ।
5. ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਰਾਹੀਂ ਵਿਦਿਆਰਥੀ ਸੰਤ ਦਾ ਜੀਵਨ, ਬ੍ਰਹਮ ਗਿਆਨੀ ਦੀ ਪਹਿਚਾਣ ਨੂੰ ਸਮਝਦਾ ਹੋਇਆ ਆਧੁਨਿਕ ਭੇਖੀ ਸਾਧੂ ਸੰਤਾਂ ਦੇ ਦੰਭ ਤੋਂ ਸੁਚੇਤ ਹੋ ਜਾਂਦਾ ਹੈ।
6. ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਰਾਹੀਂ ਵਿਦਿਆਰਥੀ ਸੱਚਾ-ਸੁੱਚਾ ਜੀਵਨ ਜਾਚ, ਦੁੱਖ-ਸੁੱਖ ਵਿੱਚ ਸਹਿਜਤਾ ਨਾਲ ਵਿਚਰਨ ਦੇ ਸਮਰੱਥ ਹੋ ਜਾਂਦਾ ਹੈ।

Course Outcome (CO)

- ਐਮ.ਏ.ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
  ਪੇਪਰ ਤੀਜਾ: ਪੰਜਾਬੀ ਵਾਰਤਕ

1. ਵਿਦਿਆਰਥੀ ਪੰਜਾਬੀ ਵਾਰਤਕ ਦੇ ਸਿਧਾਂਤ, ਸਰੂਪ ਤੇ ਵਿਕਾਸ ਤੋਂ ਜਾਣੂ ਹੋ ਕੇ ਸਾਹਿਤ ਲਿਖਣ ਵੱਲ ਰੁਚਿਤ ਹੋਣ ਦੇ ਯੋਗ ਬਣਦਾ ਹੈ।

2. ਵਿਦਿਆਰਥੀ ਪੁਰਾਤਨ ਅਤੇ ਨਵੀਨ ਵਾਰਤਕ ਦੇ ਵੱਖ-ਵੱਖ ਰੂਪਾਂ ਦੇ ਅੰਤਰ ਸੰਬੰਧਾਂ ਤੋਂ ਜਾਣੂ ਹੁੰਦਾ ਹੋਇਆ ਉਨ੍ਹਾਂ ਵਿੱਚ ਪੇਸ਼ ਜੀਵਨ-ਜਾਚ ਨੂੰ ਅਪਣਾਉਂਦਾ ਹੋਇਆ ਜ਼ਿੰਦਗੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਦੇ ਯੋਗ ਬਣਦਾ ਹੈ।
3. ਵਿਦਿਆਰਥੀ ਪੰਜਾਬੀ ਵਾਰਤਕ ਦੀਆਂ ਵੱਖੋ-ਵੱਖਰੀਆਂ ਪ੍ਰਗਟਾਅ ਸ਼ੈਲੀਆਂ ਦੇ ਅੰਦਰੂਨੀ ਅੰਤਰ ਨੂੰ ਸਮਝਣ ਦੇ ਯੋਗ ਬਣਦਾ ਹੈ।

Course Outcome (CO)

- ਐਮ.ਏ.ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
  ਪੇਪਰ ਚੌਥਾ: ਸੂਫ਼ੀ ਤੇ ਬੀਰ ਕਾਵਿ

1. ਚੰਡੀ ਦੀ ਵਾਰ ਰਾਹੀਂ ਵਿਦਿਆਰਥੀ ਨੇਕੀ ਅਤੇ ਬਦੀ ਵਿੱਚ ਅੰਤਰ ਕਰਨ ਦੇ ਸਮਰੱਥ ਹੋ ਜਾਂਦਾ ਹੈ।
2. ਸੂਫ਼ੀਮਤ ਦੇ ਅਰਥ ਅਤੇ ਸੂਫ਼ੀਮਤ ਦੇ ਪੜਾਵਾਂ ਤੋਂ ਵਿਦਿਆਰਥੀ ਜਾਣੂ ਹੋ ਜਾਂਦੇ ਹਨ।
3. ਕਿੱਸਾ ਕਾਵਿ ਰਾਹੀਂ ਵਿਦਿਆਰਥੀ ਉਸ ਸਮੇਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਿਕ, ਇਤਿਹਾਸਿਕ ਪ੍ਰਸਥਿਤੀਆਂ ਬਾਰੇ ਜਾਣਕਾਰੀ ਹਾਸਿਲ ਕਰਕੇ ਆਧੁਨਿਕ ਹਾਲਾਤਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।
4. ਕਿੱਸਾ ਕਾਵਿ ਰਾਹੀਂ ਵਿਦਿਆਰਥੀ ਇਸ਼ਕ ਮਜ਼ਾਜ਼ੀ ਤੋਂ ਇਸ਼ਕ ਹਕੀਕੀ ਦੇ ਪੜਾਵਾਂ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ।
5. ਇਸ ਪੇਪਰ ਦੇ ਮਾਧਿਅਮ ਰਾਹੀਂ ਵਿਦਿਆਰਥੀ ਪੁਰਾਤਨ ਲੋਕ-ਜੀਵਨ ਬਾਰੇ ਸਮੁੱਚੀ ਜਾਣਕਾਰੀ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਂਦੇ ਹਨ।
6. ਜੰਗਨਾਮਾ ਸ਼ਾਹ ਮੁਹੰਮਦ ਰਾਹੀਂ ਵਿਦਿਆਰਥੀ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਸਿੱਖ ਰਾਜ ਦੇ ਪਤਨ ਅਤੇ ਅੰਗਰੇਜ਼ ਰਾਜ ਦੇ ਉਥਾਨ ਸੰਬੰਧੀ ਸਮੁੱਚੀ ਜਾਣਕਾਰੀ ਪ੍ਰਾਪਤ ਕਰਦਾ ਹੈ।
7. ਜੰਗਨਾਮਾ ਸ਼ਾਹ ਮੁਹੰਮਦ ਰਾਹੀਂ ਵਿਦਿਆਰਥੀ ਫ਼ੇਰੂ ਸ਼ਹਿਰ ਅਤੇ ਮੁੱਦਕੀ ਦੀਆਂ ਇਤਿਹਾਸਿਕ ਲੜਾਈਆਂ ਬਾਰੇ ਜਾਣਕਾਰੀ ਹਾਸਿਲ ਕਰ ਲੈਂਦਾ ਹੈ।

Course Outcome (CO)

- ਐਮ.ਏ.ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
  ਪੇਪਰ ਪੰਜਵਾਂ : ਸਭਿਆਚਾਰ, ਪੰਜਾਬੀ ਸਭਿਆਚਾਰ ਅਤੇ ਲੋਕਧਾਰਾ, ਪੰਜਾਬੀ ਲੋਕਧਾਰਾ

1. ਇਸ ਪੇਪਰ ਦੇ ਮਾਧਿਅਮ ਰਾਹੀਂ ਵਿਦਿਆਰਥੀ ਗਲੋਬਲੀ ਸਭਿਆਚਾਰ ਤੇ ਪੰਜਾਬ ਦੀ ਲੋਕਧਾਰਾ ਨੂੰ ਸਮਝਣ ਦੇ ਯੋਗ ਹੋ ਸਕਦੇ ਹਨ।
2. ਵਿਦਿਆਰਥੀ ਪੁਰਾਤਨ ਤੇ ਨਵੀਨ ਪੰਜਾਬੀ ਸਭਿਆਚਾਰ ਤੇ ਲੋਕਧਾਰਾ ਦਾ ਗਿਆਨ ਪ੍ਰਾਪਤ ਕਰਕੇ ਸਮਾਜਿਕ ਹਾਲਤਾਂ ਨੂੰ ਸਮਝਦੇ ਹੋਏ ਸਮੇਂ ਦਾ ਹਾਣੀ ਬਣਨ ਦੇ ਸਮਰੱਥ ਹੁੰਦੇ ਹਨ।
3. ਵਿਦਿਆਰਥੀ ਪੁਰਾਤਨ ਰਸਮੋਂ ਰਿਵਾਜ਼, ਕਿੱਤੇ, ਤਿਉਹਾਰ, ਪਹਿਰਾਵਾ ਅਤੇ ਰਿਸ਼ਤਾ ਨਾਤਾ ਪ੍ਰਬੰਧ ਨੂੰ ਸਮਝਕੇ ਆਧੁਨਿਕ ਸਮੇਂ ਵਿੱਚ ਹੋ ਰਹੇ ਲੋਕਧਾਰਾਈ ਬਦਲਾਅ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹਨ।
4. ਵਿਦਿਆਰਥੀ ਨਰੋਆ ਸਮਾਜ ਸਿਰਜਣ ਦੇ ਯੋਗ ਹੋ ਕੇ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਦੇ ਸਮਰੱਥ ਹੋ ਸਕਦੇ ਹਨ।
5. ਵਿਦਿਆਰਥੀ ਪੁਰਾਤਤਵ ਵਿਭਾਗ ਪੰਜਾਬ ਵਿੱਚ ਨੌਕਰੀ ਕਰਨ ਦੇ ਸਮਰੱਥ ਵੀ ਹੋ ਸਕਦੇ ਹਨ।

Programme Outcome(Po) ਪੰਜਾਬੀ ਲਾਜ਼ਮੀ

- ਬੀ.ਏ.ਭਾਗ ਪਹਿਲਾ ( ਸਮੈਸਟਰ ਪਹਿਲਾ ਅਤੇ ਦੂਜਾ)

1. ਵਿਦਿਆਰਥੀ ਇਸ ਰਾਹੀਂ ਜੀਵਨ- ਜਾਚ, ਨੈਤਿਕ ਕਦਰਾਂ ਕੀਮਤਾਂ, ਆਧੁਨਿਕ ਯੁੱਗ ਵਿਚ ਬਜ਼ੁਰਗਾਂ ਦਾ ਸਤਿਕਾਰ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਸਮਝਣ ਅਤੇ ਹਾਂ ਪੱਖੀ ਰਵੱਈਏ ਨੂੰ ਅਪਨਾਉਣ ਦੇ ਯੋਗ ਹੋ ਜਾਂਦਾ ਹੈ।
2. ਵਿਦਿਆਰਥੀ ਆਧੁਨਿਕ ਕਥਾ ਕਹਾਣੀਆਂ ਰਾਹੀਂ ਸਮਕਾਲੀ, ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਪ੍ਰਸਥਿਤੀਆਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ।
3. ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਸੰਸਾਰ ਦੀਆਂ ਹੋਰ ਭਾਸ਼ਾਵਾਂ ਨੂੰ ਸ਼ੁੱਧ ਰੂਪ ਵਿਚ ਬੋਲਣ, ਸਿੱਖਣ ਅਤੇ ਲਿਖਣ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ।
4. ਵਿਦਿਆਰਥੀ ਵੱਖੋ-ਵੱਖਰੇ ਖਿੱਤੇ ਵਿੱਚ ਬੋਲੀਆਂ ਜਾਣ ਵਾਲੀਆਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਰਾਹੀਂ ਵੱਖੋ-ਵੱਖਰੇ ਕਿੱਤਿਆਂ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਜਾਣਨ ਅਤੇ ਸਮਝਣ ਦੇ ਕਾਬਿਲ ਹੋ ਜਾਂਦੇ ਹਨ।

Programme Outcome (Po) ਪੰਜਾਬੀ ਲਾਜ਼ਮੀ

- ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)

1. ਵਿਦਿਆਰਥੀ ਸਮਕਾਲੀ ਲੇਖਕਾਂ ਦੁਆਰਾ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਪ੍ਰਸਥਿਤੀਆਂ ਨੂੰ ਸਮਝਦਾ ਹੋਇਆ ਉਹਨਾਂ ਨੂੰ ਉਹ ਨਾਟਕੀ ਅਤੇ ਕਾਵਿਕ ਅੰਦਾਜ਼ ਵਿੱਚ ਪੇਸ਼ ਕਰਨ ਦੇ ਯੋਗ ਬਣ ਜਾਂਦਾ ਹੈ।
2. ਵਿਦਿਆਰਥੀ ਇਸ ਰਾਹੀਂ ਪੰਜਾਬੀ ਭਾਸ਼ਾ ਦੀ ਲਿਖਤ ਦੇ ਹੋਂਦ ਵਿੱਚ ਆਉਣ ਦੇ ਪੜਾਵਾਂ ਬਾਰੇ ਜਾਣਕਾਰੀ ਹਾਸਿਲ ਕਰਦਾ ਹੈ ਖ਼ਾਸ ਕਰਕੇ ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਬਾਰੇ।
3. ਇਸ ਵਿਸ਼ੇ ਦੇ ਮਾਧਿਅਮ ਰਾਹੀਂ ਵਿਦਿਆਰਥੀ ਭਾਸ਼ਾ ਦੇ ਮੁੱਢਲੇ ਪ੍ਰਬੰਧ ਨੂੰ ਸਮਝ ਕੇ ਕਿਸੇ ਦੂਜੀ ਭਾਸ਼ਾ ਦੇ ਪ੍ਰਬੰਧ ਨੂੰ ਸਮਝਣ ਦੇ ਸਮਰੱਥ ਬਣਦਾ ਹੈ।

Programme Outcome (Po) ਪੰਜਾਬੀ ਲਾਜ਼ਮੀ

- ਬੀ.ਏ. ਭਾਗ ਤੀਜਾ (ਸਮੈਸਟਰ ਪੰਜਵਾਂ ਅਤੇ ਛੇਵਾਂ)

1. ਇਸ ਵਿਸ਼ੇ ਦੇ ਮਾਧਿਅਮ ਰਾਹੀਂ ਵਿਦਿਆਰਥੀ ਗਲਪੀ ਵਾਤਾਵਰਣ ਨੂੰ ਸਮਝ ਕੇ ਸੱਚ ਅਤੇ ਝੂਠ ਦਾ ਨਿਖੇੜਾ ਕਰਦਾ ਹੋਇਆ ਨੈਤਿਕ ਜੀਵਨ ਜਾਚ ਨੂੰ ਅਪਨਾਉਣ ਦੇ ਯੋਗ ਹੋ ਜਾਂਦਾ ਹੈ।
2. ਪੁਰਾਤਨ ਪਰੰਪਰਾਵਾਂ, ਰੀਤੀ-ਰਿਵਾਜ, ਤਿੱਥ-ਤਿਉਹਾਰ, ਰਿਸ਼ਤਾ-ਨਾਤਾ ਪ੍ਰਣਾਲੀ ਦੀ ਜਾਣਕਾਰੀ ਹਾਸਿਲ ਕਰਕੇ ਆਧੁਨਿਕ ਕਾਲ ਰਾਹੀਂ ਬਦਲ ਰਹੇ ਲੋਕਧਾਰਾਈ ਪਰਿਪੇਖਾਂ ਨਾਲ ਤੁਲਨਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

3. ਇਸ ਰਾਹੀਂ ਵਿਦਿਆਰਥੀ ਸ਼ਬਦ ਤੋਂ ਲੈ ਕੇ ਵਾਕ ਪੱਧਰ ਤੱਕ ਵੱਖ-ਵੱਖ ਸ਼ਬਦ ਸ਼੍ਰੇਣੀਆਂ ਦੇ ਅਧਿਐਨ ਤੋਂ ਸ਼ੁੱਧ ਭਾਸ਼ਾ ਲਿਖਣ ਤੇ ਸਮਝਣ ਦੇ ਸਮਰੱਥ ਹੋ ਜਾਂਦਾ ਹੈ।
4. ਵਿਦਿਆਰਥੀ ਹੋਰਨਾਂ ਭਾਸ਼ਾਵਾਂ ਨੂੰ ਅਨੁਵਾਦ ਕਰਕੇ ਅਨੁਵਾਦਕ ਦੇ ਤੌਰ'ਤੇ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣ ਸਕਦਾ ਹੈ।

Programme Outcome(Po) ਮੁੱਢਲਾ ਪੰਜਾਬੀ ਗਿਆਨ

- ਬੀ.ਏ. ਭਾਗ ਪਹਿਲਾ ( ਸਮੈਸਟਰ ਪਹਿਲਾ ਅਤੇ ਦੂਜਾ)

1. ਵਿਦਿਆਰਥੀ ਇਸ ਰਾਹੀਂ ਪੰਜਾਬੀ ਭਾਸ਼ਾ ਨੂੰ ਵਰਤਣ ਵਾਲੀ ਲਿਪੀ (ਵਰਣਨਮਾਲਾ) ਤੋਂ ਜਾਣੂ ਹੋਣ ਦੇ ਸਮਰੱਥ ਹੁੰਦੇ ਹਨ।
2. ਇਸ ਰਾਹੀਂ ਵਿਦਿਆਰਥੀ ਪੰਜਾਬੀ ਭਾਸ਼ਾ ਨੂੰ ਬੋਲਣ, ਲਿਖਣ ਅਤੇ ਪੜ੍ਹਨ ਦੇ ਸਮਰੱਥ ਹੁੰਦੇ ਹਨ।
3. ਇਸ ਰਾਹੀਂ ਵਿਦਿਆਰਥੀ ਰੋਜਾਨਾ ਪੰਜਾਬੀ ਜੀਵਨ ਵਿੱਚ ਵਰਤੀ ਜਾਣ ਵਾਲੀ ਸ਼ਬਦਾਵਲੀ ਬਾਰੇ ਗਿਆਨ ਹਾਸਿਲ ਕਰਨ ਦੇ ਯੋਗ ਹੁੰਦੇ ਹਨ।

Programme Outcome(Po) ਮੁੱਢਲਾ ਪੰਜਾਬੀ ਗਿਆਨ

- ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)

1. ਪੰਜਾਬੀ ਸਾਹਿਤ ਦੀਆਂ ਵੱਖੋ- ਵੱਖਰੀਆਂ ਵਿਧਾਵਾਂ ਤੋਂ ਜਾਣੂ ਹੁੰਦੇ ਹੋਏ ਪੰਜਾਬੀ ਸਾਹਿਤ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ।
2. ਇਸ ਰਾਹੀਂ ਵਿਦਿਆਰਥੀ ਦੂਜੀ ਭਾਸ਼ਾ ਦੀ ਸ਼ਬਦ ਬਣਤਰ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
3. ਇਸ ਰਾਹੀਂ ਬਾਹਰਲੇ ਰਾਜਾਂ ਦੇ ਵਿਦਿਆਰਥੀ ਪੰਜਾਬੀ ਵਿੱਚ ਮੁਹਾਰਤ ਹਾਸਿਲ ਕਰਕੇ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਵਿੱਚ ਸੰਚਾਰ ਕਰਨ ਦੇ ਸਮਰੱਥ ਹੋ ਜਾਂਦੇ ਹਨ ।

Programme Outcome(Po) ਮੁੱਢਲਾ ਪੰਜਾਬੀ ਗਿਆਨ

- ਬੀ.ਏ. ਭਾਗ ਤੀਜਾ (ਸਮੈਸਟਰ ਪੰਜਵਾਂ ਅਤੇ ਛੇਵਾਂ)

1. ਬਾਹਰਲੇ ਰਾਜਾਂ ਦੇ ਵਿਦਿਆਰਥੀ ਪੰਜਾਬੀ ਸਭਿਆਚਾਰ ਦੀ ਜਾਣਕਾਰੀ ਹਾਸਿਲ ਕਰਦੇ ਹੋਏ, ਪੰਜਾਬ ਦੇ ਕਿੱਤੇ, ਰੀਤੀ-ਰਿਵਾਜ, ਵਹਿਮ-ਭਰਮ, ਪੰਜਾਬ ਦੀਆਂ ਲੋਕ-ਖੇਡਾਂ ਤੋਂ ਜਾਣੂ ਹੋਣ ਦੇ ਸਮਰੱਥ ਹੋ ਜਾਂਦੇ ਹਨ।
2. ਬਾਹਰਲੇ ਰਾਜਾਂ ਦੇ ਵਿਦਿਆਰਥੀ ਪੰਜਾਬੀ ਸਭਿਅਚਾਰ ਦੀ ਜਾਣਕਾਰੀ ਰਾਹੀਂ ਪੰਜਾਬੀ ਸਮਾਜ ਨੂੰ ਸਮਝਣ ਤੇ ਵਿਚਰਨ ਦੇ ਯੋਗ ਹੋ ਜਾਂਦੇ ਹਨ।
3. ਪੰਜਾਬੀ ਵਿਆਕਰਨ ਰਾਹੀਂ ਵਿਦਿਆਰਥੀ ਪੰਜਾਬੀ ਭਾਸ਼ਾ ਦੀ ਵਾਕ ਬਣਤਰ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ।

- Programme Outcome (Po) ਪੰਜਾਬੀ ਸਾਹਿਤ
  ਬੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ)

1. ਇਸ ਰਾਹੀਂ ਵਿਦਿਆਰਥੀ ਸਾਹਿਤ ਦੀਆਂ ਦੋ ਵਿਧਾਵਾਂ ਕਵਿਤਾ ਅਤੇ ਨਾਵਲ ਬਾਰੇ ਜਾਣਕਾਰੀ ਹਾਸਿਲ ਕਰਨ ਦੇ ਯੋਗ ਹੋ ਜਾਂਦੇ ਹਨ।
2. ਵਿਦਿਆਰਥੀ ਸਾਹਿਤ ਦੇ ਮਾਧਿਅਮ ਰਾਹੀਂ ਸਮਾਜਿਕ ਵਰਤਾਰਿਆਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੋ ਜਾਂਦੇ ਹਨ।
3. ਵਿਦਿਆਰਥੀ ਨਾਵਲ ਅਤੇ ਕਵਿਤਾ ਰਾਹੀਂ ਭਾਸ਼ਾ ਅਤੇ ਸਰੰਚਨਾ ਨੂੰ ਸਮਝ ਕੇ ਆਪਣੀਆਂ ਰੁਚੀਆਂ ਦਾ ਗਿਆਨ ਹਾਸਿਲ ਕਰਨ ਦੇ ਯੋਗ ਹੋ ਜਾਂਦੇ ਹਨ।
4. ਸਾਹਿਤਿਕ ਗਿਆਨ ਦੁਆਰਾ ਵਿਦਿਆਰਥੀ ਪੱਤਰਕਾਰੀ ਅਤੇ ਹੋਰ ਸੰਚਾਰ ਦੇ ਖੇਤਰਾਂ ਵਿਚ ਰੁਜ਼ਗਾਰ ਹਾਸਲ ਕਰਨ ਦੇ ਸਮਰੱਥ ਹੋ ਜਾਂਦੇ ਹਨ

Programme Outcome (Po) ਪੰਜਾਬੀ ਸਾਹਿਤ

- ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)

1. ਇਸ ਰਾਹੀਂ ਵਿਦਿਆਰਥੀ ਸਾਹਿਤ ਦੀਆਂ ਮੱਧਕਾਲੀਨ ਧਾਰਾਵਾਂ ਬਾਰੇ ਜਾਣਕਾਰੀ ਹਾਸਿਲ ਕਰਨ ਦੇ ਯੋਗ ਹੋ ਜਾਂਦੇ ਹਨ।
2. ਮੱਧਕਾਲੀਨ ਕਾਵਿ ਸਾਹਿਤ ਰਾਹੀਂ ਵਿਦਿਆਰਥੀ ਅਧਿਆਤਮਕ ਜੀਵਨ ਨਾਲ ਜੁੜੇ ਪੱਖਾਂ ਦੀ ਸਮਝ ਹਾਸਿਲ ਕਰਦੇ ਹੋਏ ਜ਼ਿੰਦਗੀ ਪ੍ਰਤੀ ਸੰਜੀਦਾ ਦ੍ਰਿਸ਼ਟੀਕੋਣ ਨੂੰ ਅਪਣਾਉਣ ਦੇ ਯੋਗ ਹੋ ਜਾਂਦੇ ਹਨ।
3. ਮੱਧਕਾਲੀਨ ਕਿੱਸਾ, ਜੰਗਨਾਮਾ ਅਤੇ ਕਾਫ਼ੀ ਸਾਹਿਤ ਰਾਹੀਂ ਵਿਦਿਆਰਥੀ ਆਪਣੇ ਇਤਿਹਾਸਕ ਵਿਰਸੇ ਵਿਚੋਂ ਗੁਰੂਆਂ, ਪੀਰਾਂ, ਪ੍ਰੀਤ ਨਾਇਕਾਂ, ਸੂਰਬੀਰਾਂ ਅਤੇ ਯੋਧਿਆਂ ਦੇ ਆਦਰਸ਼ਾਂ ਤੋਂ ਜਾਣੂ ਹੋ ਕੇ ਵਰਤਮਾਨ ਵਿਚਲੇ ਸਮਾਜਿਕ ਜੀਵਨ ਨਾਲ ਸਮਾਯੋਜਨ ਕਰਨ ਦੇ ਸਮਰੱਥ ਹੋ ਜਾਂਦੇ ਹਨ।

4. ਸਭਿਆਚਾਰ ਅਤੇ ਵਿਚਾਰ ਪਾਠਕ੍ਰਮ ਰਾਹੀਂ ਵਿਦਿਆਰਥੀ ਆਪਣੇ ਸਭਿਆਚਾਰ ਦੇ ਪ੍ਰਮਾਣਿਕ ਮਾਪਦੰਡਾਂ ਨੂੰ ਸਮਝਣ ਅਤੇ ਜੀਵਨ ਦੇ ਵੱਖ-ਵੱਖ ਪੜਾਵਾਂ ਤੋਂ ਸੇਧ ਪ੍ਰਾਪਤ ਕਰਦਾ ਹੋਇਆ ਇਕ ਸਭਿਅਕ ਜੀਵਨ ਨੂੰ ਜਿਊਣ ਦਾ ਗਿਆਨ ਹਾਸਿਲ ਕਰਨ ਦੇ ਯੋਗ ਹੋ ਜਾਂਦਾ ਹੈ।
5. ਆਲੋਚਨਾਤਕ ਸੰਕਲਪਾਂ ਦੇ ਅਧਿਐਨ ਰਾਹੀਂ ਵਿਦਿਆਰਥੀ ਸਾਹਿਤਕ ਰੂਪਾਂ ਨੂੰ ਵੱਖੋ-ਵੱਖਰੇ ਆਲੋਚਨਾਤਮਕ ਦ੍ਰਿਸ਼ਟੀਕੋਣਾਂ ਤੋਂ ਸਮਝਣ ਦੇ ਸਮਰੱਥ ਹੋ ਜਾਂਦੇ ਹਨ।

Programme Outcome (Po) ਪੰਜਾਬੀ ਸਾਹਿਤ

- ਬੀ.ਏ. ਭਾਗ ਤੀਜਾ (ਸਮੈਸਟਰ ਪੰਜਵਾਂ ਅਤੇ ਛੇਵਾਂ)

1. ਇਸ ਰਾਹੀਂ ਵਿਦਿਆਰਥੀ ਸਾਹਿਤ ਦੀਆਂ ਆਦਿਕਾਲੀਨ ਧਾਰਾਵਾਂ ਬਾਰੇ ਜਾਣਕਾਰੀ ਹਾਸਿਲ ਕਰਨ ਦੇ ਯੋਗ ਹੋ ਜਾਂਦੇ ਹਨ।
2. ਇਸ ਰਾਹੀਂ ਵਿਦਿਆਰਥੀ ਨਾਥ-ਜੋਗੀ ਸਾਹਿਤ ਅਤੇ ਗੁਰਮਤਿ ਸਾਹਿਤ ਵਿਚਲੀਆਂ ਪੇਸ਼ ਸਮਾਜਿਕ, ਆਰਥਿਕ, ਰਾਜਨੀਤਿਕ ਪ੍ਰਸਥਿਤੀਆਂ ਦਾ ਗਿਆਨ ਹਾਸਿਲ ਕਰਦਾ ਹੋਇਆ ਇਸਨੂੰ ਸਮਝਣ ਅਤੇ ਤੁਲਨਾਤਮਕ ਅਧਿਐਨ ਕਰਨ ਦੇ ਯੋਗ ਹੋ ਜਾਂਦਾ ਹੈ।
3. ਵਿਦਿਆਰਥੀ ਗੁਰਮਤਿ ਕਾਵਿ ਰੂਪਾਂ ਰਾਹੀਂ ਧਾਰਮਿਕ ਬਿਰਤੀਆਂ ਨੂੰ ਸਮਝਣ ਦੇ ਨਾਲ-ਨਾਲ ਦੁਨਿਆਵੀ ਅਤੇ ਸਦਾਚਾਰਕ ਜੀਵਨ-ਜਾਚ ਨੂੰ ਸਿੱਖਣ ਦੇ ਸਮਰੱਥ ਹੋ ਜਾਂਦਾ ਹੈ।